Alberta Government

News release

# ਟੀਕਾਕਰਨ (ਵੈਕਸੀਨੇਸ਼ਨ) ਪ੍ਰੋਤਸਾਹਨ ਦੀ ਸ਼ੁਰੂਆਤ

ਸਤੰਬਰ 13, 2021 Media inquiries

---

## ਯੋਗ ਅਲਬਰਟਨਜ਼ ਹੁਣ ਕੋਵਿਡ-19 ਦੇ ਟੀਕੇ ਦੀ ਪਹਿਲੀ ਜਾਂ ਦੂਜੀ ਖੁਰਾਕ ਪ੍ਰਾਪਤ ਕਰਨ ਲਈ 100 ਡਾਲਰ ਦਾ ਡੈਬਿਟ ਕਾਰਡ ਪ੍ਰਾਪਤ ਕਰਨ ਲਈ ਰਜਿਸਟਰ ਕਰ ਸਕਦੇ ਹਨ।

ਇਹ ਇੱਕ ਵਾਰ ਮਿਲਣ ਵਾਲਾ ਪ੍ਰੋਤਸਾਹਨ 18 ਸਾਲ ਜਾਂ ਇਸ ਤੋਂ ਵੱਧ ਉਮਰ ਦੇ ਸਾਰੇ ਅਲਬਰਟਨਜ਼ ਲਈ ਹੈ ਜਿਨ੍ਹਾਂ ਨੂੰ 3 ਜਾਂ 14 ਸਤੰਬਰ ਦੇ ਵਿਚਕਾਰ ਟੀਕੇ ਦੀ ਪਹਿਲੀ ਜਾਂ ਦੂਜੀ ਖੁਰਾਕ ਮਿਲੀ ਹੈ।

ਟੀਕਾਕਰਣ ਤੋਂ ਬਾਅਦ ਵਿਅਕਤੀ alberta.ca/VaccineDebitCard ਤੇ ਜਾ ਕੇ ਪ੍ਰੀਫਿਲਡ(ਪਹਿਲਾਂ ਭਰਿਆ) ਡੈਬਿਟ ਕਾਰਡ ਪ੍ਰਾਪਤ ਕਰਨ ਲਈ ਆਨਲਾਈਨ ਰਜਿਸਟਰ ਕਰ ਸਕਦੇ ਹਨ। ਅਲਬਰਟਾ ਹੈਲਥ ਸੂਬਾਈ ਟੀਕਾਕਰਣ ਡੇਟਾ ਦੇ ਅਨੁਸਾਰ ਸਾਰੀਆਂ ਰਜਿਸਟਰੇਸ਼ਨ ਨੂੰ ਪ੍ਰਮਾਣਿਤ ਕਰੇਗਾ। ਸੀਆਈਬੀਸੀ(CIBC) ਅਲਬਰਟਾ ਸਰਕਾਰ ਵੱਲੋਂ ਡੈਬਿਟ ਕਾਰਡਾਂ ਦੀ ਵੰਡ ਕਰੇਗਾ।

ਪਹਿਲੇ 15,000 ਅਲਬਰਟਨਜ਼ ਅਕਤੂਬਰ ਵਿੱਚ ਆਪਣੇ ਡੈਬਿਟ ਕਾਰਡ ਪ੍ਰਾਪਤ ਕਰਨਗੇ। ਹੋਰ ਯੋਗ ਰਜਿਸਟਰਡ ਡੈਬਿਟ ਕਾਰਡ ਨਵੰਬਰ ਅਤੇ ਦਸੰਬਰ ਵਿੱਚ ਪ੍ਰਦਾਨ ਕੀਤੇ ਜਾਣਗੇ।

ਜਿੰਨਾਂ ਅਲਬਰਟਨਜ਼ ਕੋਲ ਕੰਪਿਊਟਰ ਜਾਂ ਮੋਬਾਈਲ ਨਹੀਂ ਹਨ ਉਹ ਸਹਾਇਤਾ ਲਈ 310-0000 ਤੇ ਫ਼ੋਨ ਕਰ ਸਕਦੇ ਹਨ।

## ਟੀਕਾ ਲਾਟਰੀ(ਵੈਕਸੀਨ ਲਾਟਰੀ)

ਉਹ ਸਾਰੇ ਅਲਬਰਟਨਜ਼ ਜਿਨ੍ਹਾਂ ਨੇ ਟੀਕੇ ਦੀਆਂ ਦੋ ਖੁਰਾਕਾਂ ਪ੍ਰਾਪਤ ਕੀਤੀਆਂ ਹਨ ਅਤੇ ਜਿਨ੍ਹਾਂ ਦੀ ਉਮਰ 18 ਸਾਲ ਜਾਂ ਇਸ ਤੋਂ ਵੱਧ ਹੈ ਉਹ ਅਲਬਰਟਾ ਦੀ ਵੈਕਸੀਨ ਲਾਟਰੀ ਦੇ ਬਾਕੀ ਦੇ 1 ਮਿਲੀਅਨ ਡਾਲਰ ਦੇ ਡਰਾਅ ਦੇ ਯੋਗ ਹਨ। ਰਜਿਸਟਰ ਕਰਨ ਅਤੇ ਪੂਰੇ ਵੇਰਵਿਆਂ ਲਈ alberta.ca/lottery ਤੇ ਜਾਓ। ਫਾਈਨਲ ਡਰਾਅ 23 ਸਤੰਬਰ ਨੂੰ ਬੰਦ ਹੋਵੇਗਾ।

## ਅਪੌਆਂਇੰਟਮੈਂਟ ਬੁੱਕ ਕਰਾ ਕੇ ਟੀਕਾ ਲਵਾਓ

ਅਲਬਰਟਨਜ਼ bookvaccine.alberta.ca ਤੇ ਜਾਂ 811 ਤੇ ਕਾਲ ਕਰਕੇ ਟੀਕਾ ਬੁੱਕ ਕਰ ਸਕਦੇ ਹਨ। ਵਾਕ-ਇਨ ਕਲੀਨਿਕਾਂ ਦੀ ਸੂਚੀ albertahealthservices.ca/vaccineਤੇ ਉਪਲਬਧ ਹੈ।

## ਪ੍ਰਮੁੱਖ ਤੱਥ

- 1 ਜੂਨ ਅਤੇ 9 ਸਤੰਬਰ ਵਿਚਕਾਰ ਕੋਵਿਡ -19 ਦੇ ਨਾਲ ਇੰਟੈਂਸਿਵ ਕੇਅਰ ਯੂਨਿਟਾਂ ਵਿੱਚ ਭਰਤੀ ਅਲਬਰਟਨਜ਼ ਦਾ 92 ਪ੍ਰਤੀਸ਼ਤ ਲੋਕ ਬਿਨਾਂ ਟੀਕਾਕਰਣ ਜਾਂ ਸਿਰਫ ਅੰਸ਼ਕ ਤੌਰ ਤੇ ਟੀਕਾ ਲੈਣ ਵਾਲੇ ਸਨ।
- 9 ਸਤੰਬਰ ਤੱਕ ਯੋਗ ਅਲਬਰਟਨਜ਼ ਦਾ 78.9 ਪ੍ਰਤੀਸ਼ਤ ਨੂੰ ਟੀਕੇ ਦੀ ਘੱਟੋ ਘੱਟ ਇੱਕ ਖੁਰਾਕ ਪ੍ਰਾਪਤ ਹੋ ਚੁੱਕੀ ਹੈ ਅਤੇ 70.9 ਪ੍ਰਤੀਸ਼ਤ ਯੋਗ ਅਲਬਰਟਨਜ਼ ਦੋਵੇ ਖੁਰਾਕਾਂ ਨਾਲ ਪੂਰੀ ਤਰ੍ਹਾਂ ਸੁਰੱਖਿਅਤ ਹਨ।

## ਸਬੰਧਿਤ ਜਾਣਕਾਰੀ

- Book your COVID-19 vaccine appointment
- Vaccine incentive

## ਮੀਡੀਆ ਪੁੱਛਗਿੱਛ

**Steve Buick**
780-288-1735
ਸੀਨੀਅਰ ਪ੍ਰੈਸ ਸੈਕਟਰੀ, ਸਿਹਤ

View this announcement online
Government of Alberta newsroom
Contact government
Unsubscribe